# ਦਫਤਰ ਖੇਤੀਬਾੜੀ ਸਲਾਹਕਾਰ ਸਿੱਖਿਆ ਵਿਭਾਗ, ਪੰਜਾਬ

ਪੰ:ਸ:ਸਿ:ਬੋਰਡ ਕੰਪਲੈਕਸ, ਬਲਾਕ ਈ, 7ਵੀਂ ਮੰਜਿਲ, ਫੇਜ-8, ਐਸ.ਏ.ਐਸ.ਨਗਰ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ/ਸ.ਮਿ.ਸ.,
ਪੰਜਾਬ।
(ਖੇਤੀਬਾੜੀ ਫਾਰਮਾਂ ਵਾਲੇ)

ਮੀਮੋ ਨੰ: 2/22-2019 ਖਬਸ/ 93

ਮਿਤੀ: ਐਸ.ਏ.ਐਸ.ਨਗਰ 21.6.2019

ਵਿਸ਼ਾ: ਸਕੂਲ ਖੇਤੀਬਾੜੀ ਫਾਰਮਾਂ ਦੇ ਟਿਊਬਵੈਲਾਂ ਦੇ ਬੋਰਵੈੱਲ ਨੂੰ ਸੁਰੱਖਿਅਤ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਖੇਤੀਬਾੜੀ ਫਾਰਮਾਂ ਵਾਲੇ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਖੇਤੀਬਾੜੀ ਫਾਰਮਾਂ ਵਿੱਚ ਸਿੰਚਾਈ ਲਈ ਪਾਣੀ ਵਾਲੀਆਂ ਮੋਟਰਾਂ ਲੱਗੀਆਂ ਹੋਈਆਂ ਹਨ, ਉਨ੍ਹਾਂ ਨੂੰ ਅਣਸੁਖਾਵੀਂ ਘਟਨਾਂ ਦਾ ਕਾਰਨ ਬਣਨ ਤੋਂ ਰੋਕਣ ਲਈ ਸੁਰੱਖਿਅਤ ਕੀਤਾ ਜਾਵੇ। ਸਕੂਲਾਂ ਤੋਂ ਸਮੇਂ-2 ਤੇ ਪ੍ਰਾਪਤ ਹੋਣ ਵਾਲੀ ਸੂਚਨਾਂ ਅਨੁਸਾਰ ਸਿੰਚਾਈ ਵਾਲੀਆਂ ਮੋਟਰਾਂ ਦੀ ਮੁਰੰਮਤ ਲਈ ਜਾਂ ਬੋਰਵੈੱਲ ਨੂੰ ਡੂੰਘਾ ਕਰਨ ਲਈ ਇਨ੍ਹਾਂ ਨੂੰ ਖੋਲਿਆ ਜਾਂਦਾ ਹੈ। ਮੁਰੰਮਤ ਦੌਰਾਨ ਜਾਂ ਵਰਤੋਂ ਵਿੱਚ ਨਾਂ ਹੋਣ ਦੀ ਸੂਰਤ ਵਿੱਚ ਬੋਰਵੈੱਲ ਨੂੰ ਸੁਰੱਖਿਅਤ ਕਰਨਾ ਜਰੂਰੀ ਹੈ।

ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੇਤੀਬਾੜੀ ਫਾਰਮ ਦੇ ਬੋਰਵੈੱਲ ਨੂੰ ਸੁਰੱਖਿਅਤ ਰੱਖਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਫਾਰਮ ਵਾਲੇ ਬੋਰ ਦੀ ਮੁਰੰਮਤ ਦੌਰਾਨ ਜਾਂ ਇਸਦੀ ਵਰਤੋਂ ਨਾਂ ਹੋਣ ਸਮੇਂ ਬੋਰਵੈੱਲ ਨੂੰ ਖੁੱਲ੍ਹਾ ਨਾ ਛੱਡਿਆ ਜਾਵੇ ਅਤੇ ਮਜਬੂਤ ਢੱਕਣ ਨਾਲ ਢੱਕਿਆ ਜਾਵੇ। ਜੇਕਰ ਕਿਸੇ ਫਾਰਮ ਵਿੱਚ ਖੂਹੀ ਵਾਲਾ ਸਿੱਚਾਈ ਸਾਧਨ ਹੈ ਤਾਂ ਖੂਹੀ ਨੂੰ ਲੋਹੇ ਦੇ ਜਾਲ ਨਾਲ ਢੱਕਿਆ ਜਾਵੇ। ਇਸ ਤਰ੍ਹਾਂ ਹੀ ਬਿਜਲੀ ਸਪਲਾਈ ਦੀਆਂ ਤਾਰਾਂ ਨੂੰ ਵੀ ਸੁਰੱਖਿਅਤ ਕੀਤਾ ਜਾਵੇ ਅਤੇ ਤਾਰ ਦਾ ਕੋਈ ਵੀ ਜੋੜ ਨੰਗਾ ਨਾਂ ਛੱਡਿਆ ਜਾਵੇ। ਸਿੰਚਾਈ ਵਾਲੀਆਂ ਮੋਟਰਾਂ ਦੇ ਸਟਾਰਟਰ ਆਦਿ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖ ਕੇ ਲਗਾਏ ਜਾਣ। ਜੇਕਰ ਫਾਰਮ ਵਾਲੇ ਸਿੰਚਾਈ ਸਾਧਨ ਕਾਰਨ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਲਈ ਸਬੰਧਤ ਸਕੂਲ ਮੁੱਖੀ ਜਿੰਮੇਵਾਰ ਹੋਵੇਗਾ।

20/6/19

ਸਹਾਇਕ ਡਾਇਰੈਕਟਰ (ਖੇਤੀਬਾੜੀ)